**ਪੰਜਾਬ ਸਰਕਾਰ**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**
**(ਸਿਹਤ-2 ਸ਼ਾਖਾ)**

ਸੇਵਾ ਵਿਖੇ

1. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ;
2. ਸਮੂਹ ਡਾਇਰੈਕਟਰ/ਡਿਪਟੀ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ;
3. ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ।

ਮੀਮੋ ਨੰ: HFW-HLH2026D/175/2021-3H2/ 7143-7145
ਮਿਤੀ, ਚੰਡੀਗੜ੍ਹ: 14/12/2021

ਵਿਸ਼ਾ: **ਪੀ.ਐਸ.ਐਮ.ਐਸ. ਮੈਡੀਕਲ ਅਫ਼ਸਰਾਂ ਨੂੰ ਡੀ.ਐਨ.ਬੀ. ਕੋਰਸ ਲਈ ਐਨ.ਓ.ਸੀ. ਜਾਰੀ ਕਰਨ ਸਬੰਧੀ ਪਾਲਿਸੀ ਜਾਰੀ ਕਰਨ ਬਾਰੇ।**

****

ਉਪਰੋਕਤ ਵਿਸ਼ੇ ਤੇ ਸਿਹਤ ਵਿਭਾਗ ਵੱਲੋਂ ਜਾਰੀ ਪੱਤਰ ਨੰ:26/142/18-2HB2/1509055/1-3, ਮਿਤੀ 25.06.2019 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ ਸੇਵਾ ਕਰ ਰਹੇ ਪੀ.ਐਸ.ਐਮ.ਐਸ. ਮੈਡੀਕਲ ਅਫ਼ਸਰਾਂ ਨੂੰ ਪੰਜਾਬ ਰਾਜ ਦੇ ਜ਼ਿਲ੍ਹਾਂ ਹਸਪਤਾਲਾਂ ਵਿੱਚ ਡੀ.ਐਨ.ਬੀ. ਕੋਰਸਾਂ ਲਈ ਸਪਾਂਸਰਡ ਅਤੇ ਨਾਨ ਸਪਾਂਸਰਡ ਕੈਟਾਗਿਰੀ ਅਧੀਨ ਐਨ.ਓ.ਸੀ. ਜਾਰੀ ਕਰਨ ਲਈ ਫੈਸਲਾ ਲਿਆ ਗਿਆ ਹੈ, ਜਿਸ ਲਈ ਹੇਠ ਅਨੁਸਾਰ ਸ਼ਰਤਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ:-

ੳ. **<u>ਸਪਾਂਸਰਡ ਕੈਟਾਗਿਰੀ ਲਈ ਸ਼ਰਤਾਂ</u>**:-

i) ਜਿਨ੍ਹਾਂ ਪੀ.ਸੀ.ਐਮ.ਐਸ. ਮੈਡੀਕਲ ਅਫ਼ਸਰਾਂ ਨੇ 3 ਸਾਲ ਦੀ ਸੇਵਾ Difficult Rural Area ਜਾਂ More Difficult Rural Area ਵਿੱਚ ਪੂਰੀ ਕੀਤੀ ਹੋਵੇ;

ii) ਪਰਖਕਾਲ ਸਮਾਂ ਪਾਰ ਹੋਵੇ;

iii) ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਂ ਕੋਈ ਵਿਜੀਲੈਂਸ ਪੜਤਾਲ ਆਦਿ ਲੰਬਿਤ ਨਾਂ ਹੋਵੇ;

iv) ਚੋਣ ਹੋਣ ਉਪਰੰਤ ਡਾਕਟਰ ਵੱਲੋਂ 6 ਸਾਲ ਦੀ ਸੇਵਾ ਕਰਨ ਲਈ ਰੁ.25,00,000/- (ਪੱਚੀ ਲੱਖ ਰੁਪਏ) ਦਾ ਬਾਂਡ ਭਰਨਾ ਹੋਵੇਗਾ;

v) ਕੋਰਸ ਕਰਨ ਉਪਰੰਤ ਡਾਕਟਰ ਦੀ 6 ਸਾਲ ਦੀ ਸੇਵਾ ਬਾਕੀ ਰਹਿੰਦੀ ਹੋਵੇ; ਅਤੇ

vi) ਜੇਕਰ ਡਾਕਟਰ ਕੋਰਸ ਕਰਨ ਉਪਰੰਤ ਸੇਵਾ ਪੂਰੀ ਨਹੀਂ ਕਰਦਾ ਜਾਂ ਬਾਂਡ ਮਨੀ ਨਹੀਂ ਭਰਦਾ ਤਾਂ ਉਸ ਦੀ ਰਜਿਸਟਰੇਸ਼ਨ ਸਬੰਧਤ ਮੈਡੀਕਲ ਕੌਂਸਲ ਤੋਂ ਰੱਦ ਕਰਵਾ ਦਿੱਤੀ ਜਾਵੇਗੀ।

ਅ. **ਨਾਨ ਸਪਾਂਸਰਡ ਕੈਟਾਗਿਰੀ ਲਈ ਸ਼ਰਤਾਂ**:-

i) ਜਿਨ੍ਹਾਂ ਪੀ.ਸੀ.ਐਮ.ਐਸ. ਮੈਡੀਕਲ ਅਫ਼ਸਰਾਂ ਨੇ 1 ਸਾਲ ਦੀ ਸੇਵਾ ਪੂਰੀ ਕੀਤੀ ਹੋਵੇ;

ii) ਪਰਖਕਾਲ ਸਮਾਂ ਪਾਰ ਹੋਵੇ ਜਾਂ ਨਾ ਹੋਵੇ;

iii) ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਂ ਕੋਈ ਵਿਜੀਲੈਂਸ ਪੜਤਾਲ ਆਦਿ ਲੰਬਿਤ ਨਾ ਹੋਵੇ;

iv) ਚੋਣ ਹੋਣ ਉਪਰੰਤ ਡਾਕਟਰ ਵੱਲੋਂ 3 ਸਾਲ ਦੀ ਸੇਵਾ ਕਰਨ ਲਈ ਰੁ.10,00,000/- (ਦੱਸ ਲੱਖ ਰੁਪਏ) ਦਾ ਬਾਂਡ ਭਰਨਾ ਹੋਵੇਗਾ;

v) ਕੋਰਸ ਕਰਨ ਉਪਰੰਤ ਡਾਕਟਰ ਦੀ 3 ਸਾਲ ਦੀ ਸੇਵਾ ਬਾਕੀ ਰਹਿੰਦੀ ਹੋਵੇ; ਅਤੇ

vi) ਜੇਕਰ ਡਾਕਟਰ ਕੋਰਸ ਕਰਨ ਉਪਰੰਤ ਸੇਵਾ ਪੂਰੀ ਨਹੀਂ ਕਰਦਾ ਜਾਂ ਬਾਂਡ ਮਨੀਂ ਨਹੀਂ ਭਰਦਾ ਤਾਂ ਉਸ ਦੀ ਰਜਿਸਟਰੇਸ਼ਨ ਸਬੰਧਤ ਮੈਡੀਕਲ ਕੌਂਸਲ ਤੋਂ ਰੱਦ ਕਰਵਾ ਦਿੱਤੀ ਜਾਵੇਗੀ।

3. ਇਹ ਪਾਲਿਸੀ ਸਮਰੱਥ ਅਥਾਰਟੀ ਦਾ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

**ਸਕੱਤਰ, ਪੰਜਾਬ ਸਰਕਾਰ**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**

ਪਿੱਠ ਅੰਕਣ ਨੰ; HFW-HLH2026D/175/2021-3H2 7146-7147 ਮਿਤੀ, ਚੰਡੀਗੜ੍ਹ: 14/12/2021

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਸਿਵਲ ਸਰਜਨ, ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਵਿਭਾਗ ਦੀ ਵੈਬਸਾਇਟ ਰਾਹੀ);
2. ਸਮੂਹ ਮੈਡੀਕਲ ਸੁਪਰਡੰਟ/ਸੀਨੀਅਰ ਮੈਡੀਕਲ ਅਫ਼ਸਰ ਨੂੰ ਵਿਭਾਗ ਦੀ ਵੈਬਸਾਇਟ ਰਾਹੀਂ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਹ ਇਹ ਪਾਲਿਸੀ ਆਪਣੇ ਅਧੀਨ ਕੰਮ ਕਰ ਰਹੇ ਮੈਡੀਕਲ ਅਫ਼ਸਰਾਂ ਨੂੰ ਨੋਟ ਕਰਾਈ ਜਾਵੇ।

**ਸੁਪਰਡੰਟ**